Punjabi

# ਔਰਤਾਂ, ਹਿੰਸਾ ਅਤੇ ਕਾਨੂੰਨ

## ਵੱਖਰੇ ਵਰਗ, ਵੱਖਰੀਆਂ ਲੋੜਾਂ...

• ਅੰਗਰੇਜ਼ੀ ਨਾਂ ਬੋਲਣ ਵਾਲੇ ਪਿਛੋਕੜ ਦੀਆਂ ਔਰਤਾਂ • ਸਮਲੈਂਗਿਕ ਲੈਸਬੀਅਨ ਔਰਤਾਂ

• ਬਜ਼ੁਰਗ ਔਰਤਾਂ • ਪੇਂਡੂ ਔਰਤਾਂ • ਅਪਾਹਜ ਔਰਤਾਂ • ਜਵਾਨ ਔਰਤਾਂ

## ਸਚਾਈ

- **ਔਰਤਾਂ ਖਿਲਾਫ਼ ਹਿੰਸਾ ਅਪਰਾਧ ਹੈ ।**
- **ਸਾਰੀ ਔਰਤਾਂ ਅਤੇ ਬੱਚਿਆਂ ਨੂੰ ਘੱਰ ਅੰਦਰ ਅਤੇ ਬਾਹਰ ਸੁਰੱਖਿਅਤ ਰਹਿਣ ਦਾ ਅਧਿਕਾਰ ਹੈ ।**
- **ਜਿਆਦਾਤਰ ਔਰਤਾਂ ਆਪਣੇ ਜਾਣਪਛਾਣ ਜਾਂ ਵਿਸ਼ਵਾਸੀ ਵੱਲੋਂ ਹੀ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ।**
- **ਹਿੰਸਾ ਦੇ ਸ਼ਿਕਾਰ ਵਿਅਕਤੀ ਨੂੰ ਇਹ ਅਧਿਕਾਰ ਹੈ ਕਿ ਉਸ ਉਤੇ ਵਿਸ਼ਵਾਸ ਕੀਤਾ ਜਾਵੇ ਅਤੇ ਸਹਾਰਾ ਪ੍ਰਦਾਨ ਕੀਤਾ ਜਾਵੇ ।**

## ਕਾਨੂੰਨ ਕੀ ਕਰ ਸਕਦਾ ਹੈ?

ਕਾਨੂੰਨ ਤੁਹਾਨੂੰ ਬਚਾਉਣ ਲਈ ਹੈ ।

ਜੇ ਤੁਹਾਡੇ ਉਤੇ ਸੈਕਸੁਅਲ ਹਿੰਸਾ ਹੋਈ ਹੈ ਅਤੇ ਤੁਸੀਂ ਇਸ ਅਪਰਾਧ ਬਾਰੇ ਪੁਲੀਸ ਨੂੰ ਰੀਪੋਰਟ ਕਰਦੇ ਹੋ ਅਤੇ ਜੇ ਤੁਹਾਡੇ ਕੋਲ ਸਮਰੱਥ ਸਬੂਤ ਹਨ ਤਾਂ ਮਾਮਲਾ ਅਦਾਲਤ ਵਿਚ ਜਾ ਸਕਦਾ ਹੈ ।

ਤੁਸੀਂ ਮੁਆਵਜਾ (ਵਿਕਟਿਮਜ਼ ਕੰਮਪੈਨਸੇਸ਼ਨ) ਹਿੰਸਾ ਦੀ ਘਟਨਾ ਦੇ ਦੋ ਸਾਲਾਂ ਦੇ ਵਿੱਚ ਵਿੱਚ ਅਪਲਾਈ ਕਰ ਸਕਦੇ ਹੋ ।

ਜੇ ਤੁਸੀਂ ਆਪਣੇ ਸਾਥੀ ਜਾਂ ਸਾਬਕਾ ਸਾਥੀ ਵੱਲੋਂ ਹਿੰਸਾ ਦਾ ਸ਼ਿਕਾਰ ਹੋ ਰਹੇ ਹੋ, ਇਕ ਸੰਭਾਵਤ ਹਿੰਸਾ ਵਿਰੁੱਧ ਹੁਕਮ (ਏ.ਵੀ.ਓ.) ਅਦਾਲਤ ਵੱਲੋਂ ਜਾਰੀ ਕੀਤਾ ਜਾ ਸਕਦਾ ਹੈ, ਜਿਸ ਵਿੱਚ ਸ਼ਰਤਾਂ ਦਸਦੀਆਂ ਹਨ ਕਿ ਹਿੰਸਕ ਵਿਅਕਤੀ ਕੋਈ ਐਸਾ ਵਰਤਾਉ ਨਹੀਂ ਕਰੇਗਾ ਜਿਸ ਨਾਲ ਤੁਹਾਨੂੰ ਡਰ ਜਾਂ ਸੱਟ ਪਹੁੰਚੇ ।

ਉਹ ਵਰਤਾਉ ਜਿਸ ਤੋਂ ਤੁਸੀਂ ਭੈਭੀਤ ਹੋ ਸਰੀਰਕ ਹਿੰਸਾ ਹੋ ਸਕਦੀ ਹੈ ਅਤੇ / ਜਾਂ ਅ-ਸਰੀਰਕ ਵੀ ਹੋ ਸਕਦੀ ਹੈ ਜਿਵੇ ਕਿ ਤੁਹਾਨੂੰ ਜਾਂ ਤੁਹਾਡੇ ਪਰਵਾਰ ਦੇ ਮੈਂਬਰ ਨੂੰ ਤੰਗ ਕਰਨਾ, ਦੱਬੇ ਪੈਰੀਂ ਪਿੱਛਾ ਕਰਨਾ, ਸੈਕਸੁਅਲ ਬਦਸਲੂਕੀ ਜਾਂ ਧਮਕੀ ।

ਇਕ ਪੁਲੀਸ ਅਫਸਰ ਜਾਂ ਚੈਂਬਰ ਰਜਿਸਟਰਾਰ (ਲੋਕਲ ਕੋਰਟ ਵਿਖੇ) ਤੁਹਾਡੀ ਏ.ਵੀ.ਓ. ਦਰਖਾਸਤ ਤਿਆਰ ਕਰਨ ਵਿੱਚ ਮਦਦ ਕਰ ਸਕਦੇ ਹਨ ।

ਏ.ਵੀ.ਓ. ਮੁਜਰਮਾਨਾ ਦੋਸ਼ ਨਹੀਂ ਹੈ ਪਰ ਜੇਕਰ ਵਿਅਕਤੀ ਏ.ਵੀ.ਓ. ਦੀ ਹਿਦਾਇਤਾਂ ਦੀ ਉਲੰਘਣਾ (ਇਸ ਨੂੰ ਬਰੀਚ ਕਿਹਾ ਜਾਂਦਾ ਹੈ) ਕਰਦਾ ਹੈ ਤਾਂ ਇਹ ਮੁਜਰਮਾਨਾ ਦੋਸ਼ ਬਣ ਸਕਦਾ ਹੈ ਅਤੇ ਪੁਲੀਸ ਉਸਨੂੰ ਹਿਰਾਸਤ ਵਿੱਚ ਲੈ ਜਾ ਸਕਦੀ ਹੈ । ਇਸ ਉਪਰੰਤ ਅਦਾਲਤੀ ਪੇਸ਼ੀ ਅਤੇ ਸ਼ਾਇਦ ਸਜ਼ਾ ਵੀ ਹੋ ਸਕਦੀ ਹੈ ।

ਮਦਦ ਮੌਜੂਦ ਹੈ । ਤੁਹਾਡੀ ਕਮਿਊਨਿਟੀ (ਸਮਾਜ) ਵਿੱਚ ਸੇਵਾਵਾਂ ਉਪਲਬਧ ਹਨ ਜੋ ਤੁਹਾਨੂੰ ਸਲਾਹ, ਮਦਦ ਅਤੇ ਆਸਰਾ ਪ੍ਰਦਾਨ ਕਰ ਸਕਦੀਆਂ ਹਨ ।

**ਔਰਤਾਂ ਖਿਲਾਫ਼ ਹਿੰਸਾ ਬਾਰੇ ਹੋਰ ਜਾਣਕਾਰੀ ਲਈ www.lawlink.nsw.gov.au/vaw ਤੇ ਜਾਉ ਜਾਂ 02 9716 2061 ਤੇ ਫੋਨ ਕਰੋ**

## ਕਈ ਪ੍ਰਕਾਰ ਦੀ ਹਿੰਸਾਵਾਂ ਅਪਰਾਧ ਹਨ

ਹਿੰਸਾ ਕਈ ਪ੍ਰਕਾਰ ਦੇ ਰੂਪ ਲੈ ਸਕਦੀ ਹੈ ਅਤੇ ਹਮੇਸ਼ਾ ਕੇਵਲ ਜ਼ਾਹਰ ਚੋਟ ਜਿਵੇ ਕਿ ਝਰੀਟ ਜਾਂ ਟੁਟੀ ਹੱਡੀਆਂ ਹੀ ਨਹੀਂ ਛੱਡਦੀ ।

ਔਰਤਾਂ ਖਿਲਾਫ ਹਿੰਸਾ ਵਿਚ ਸ਼ਾਮਲ ਹਨ:

- **ਸੈਕਸੁਅਲ ਬਦਸਲੂਕੀ** – *ਅਣਚਾਹਿਆ ਅਤੇ ਇਕਤਰਫ਼ਾ ਸੈਕਸੁਅਲ ਧਿਆਨ*
- **ਸਟਾਕਿੰਗ** – *ਪਿੱਛਾ ਕਰਨਾ, ਨਜ਼ਰ ਰੱਖਣਾ, ਉਹਨਾਂ ਥਾਵਾਂ ਤੇ ਜਾਣਾ ਜਿਵੇਂ ਕਿ ਘੱਰ, ਕੰਮ ਜਾਂ ਸਮਾਜਿਕ ਸਥਾਨ*
- **ਘਰੇਲੂ ਹਿੰਸਾ** – *ਜਿਸ ਵਿੱਚ ਸ਼ਾਮਲ ਹਨ ਸਰੀਰਕ, ਆਰਥਕ, ਭਾਵਨਾਤਮਕ ਜਾਂ ਸੈਕਸੁਅਲ ਬਦਸਲੂਕੀ*
- **ਸੈਕਸੁਅਲ ਹਿੰਸਾ** – *ਕਿਸੇ ਪ੍ਰਕਾਰ ਦੇ ਅਣਚਾਹੇ ਸੈਕਸੁਅਲ ਸੰਪਰਕ ਵਿੱਚ ਹਿੱਸਾ ਲੈਣ ਲਈ ਜਬਰਦਸਤੀ ਕਰਨੀ*
- **ਸਮਾਜਿਕ ਬਦਸਲੂਕੀ** – *ਇਹ ਹਿੰਸਾ ਦੇ ਸ਼ਿਕਾਰ ਹੋਏ ਨੂੰ ਆਪਣੇ ਮਿੱਤਰਾਂ ਅਤੇ ਪਰਵਾਰ ਨੂੰ ਮਿਲਣ ਤੋਂ ਰੋਕਦਾ ਹੈ*
- **ਨਫਰਤੀ ਜੁਰਮ** – *ਕਿਸੇ ਖਾਸ ਗਰੁਪ ਦਾ ਹੋਣ ਕਰਕੇ ਗਾਲਾਂ – ਇਹ ਹੋਮੋਫੋਬਿਕ, ਰੇਸਿਸਟ ਜਾਂ ਅਪਰਾਧ ਪਰੇਰਤ ਹੋ ਸਕਦੀ ਹੈ*

ਔਰਤਾਂ ਖਿਲਾਫ਼ ਹਿੰਸਾ ਦੀ ***ਕਦੇ ਵੀ*** ਮਾਫੀ ਨਹੀਂ

## ਇਕ ਹਿੰਸਾ ਦਾ ਸ਼ਿਕਾਰ ਕਦੇ ਵੀ ਹਿੰਸਾ ਲਈ ਜ਼ੁੰਮੇਵਾਰ ਨਹੀਂ ਹੋ ਸਕਦਾ ।

ਹਿੰਸਾ ਸਾਰੇ ਸਭਿਆਚਾਰਾਂ ਵਿੱਚ ਵਾਪਰਦੀ ਹੈ । ਧਰਮ ਅਤੇ ਸਭਿਆਚਾਰ ਇਸ ਦਾ ਕਾਰਨ ਨਹੀਂ ਹਨ ਅਤੇ ਨਾਂ ਹੀ ਇਹ ਹਿੰਸਾ ਕਰਨ ਲਈ ਬਹਾਨਾ ਹਨ ।

**ਹਿੰਸਕ ਰਿਸ਼ਤਿਆਂ ਨੂੰ ਰੋਕਣ ਲਈ ਪਹਿਲਾ ਕਦਮ ਲੈਣਾ ਕਠਿਨ ਹੋ ਸਕਦਾ ਹੈ ।**

ਵੱਖਰੇ ਵਰਗ ਦੀਆਂ ਔਰਤਾਂ ਨੂੰ ਵੱਖਰੀਆਂ ਲੋੜਾਂ ਹਨ ।

ਇਹ ਪੁਸਤਿਕਾ ਕੁਝ ਸੰਪਰਕ ਨੰਬਰ ਪ੍ਰਦਾਨ ਕਰਦੀ ਹੈ ਜਿਥੋਂ ਤੁਹਾਨੂੰ ਮੁਫਤ ਜਾਣਕਾਰੀ ਅਤੇ ਸਹਾਇਤਾ ਮਿਲ ਸਕਦੀ ਹੈ ਜੋ ਤੁਹਾਡੀ ਪਸੰਦ ਅਤੇ ਲੋੜਾਂ ਦੀ ਪੂਰਤੀ ਕਰ ਸਕਦੀ ਹੈ ।

# ਲਾਭਦਾਇਕ ਸੰਪਰਕ ਨੰਬਰ

## ਸੈਕਸੁਅਲ ਹਿੰਸਾ

24 ਘੰਟੇ ਮਸ਼ਵਰੇ ਸੇਵਾ ਲਈ ਐਨ.ਐਸ.ਡਬਲਿਊ. ਬਲਾਤਕਾਰ ਸੰਕਟ ਸੈਂਟਰ ਨੂੰ ਸੰਪਰਕ ਕਰੋ ਜਾਂ ਆਪਣੇ ਨਜ਼ਦੀਕੀ ਸੈਕਸੁਅਲ ਹਿੰਸਾ ਸੇਵਾ ਦੀ ਭਾਲ ਕਰੋ ।
.................................................... 1800 424 017
.................................... www.nswrapecrisis.com.au

## ਘਰੇਲੂ ਹਿੰਸਾ

ਘਰੇਲੂ ਹਿੰਸਾ ਲਾਈਨ 24 ਘੰਟੇ ........................... 1800 65 64 63

ਘਰੇਲੂ ਹਿੰਸਾ ਐਡਵੋਕੇਸੀ ਸਰਵਿਸ
(ਮੁਫਤ ਕਾਨੂੰਨੀ ਸਲਾਹ ਅਤੇ ਤੁਹਾਡੀ ਨਜ਼ਦੀਕੀ
ਕੋਰਟ ਸਪੋਰਟ ਸਕੀਮ)..................................... 8745 6999
ਸਿਡਨੀ ਤੋਂ ਬਾਹਰ...................................... 1800 810 784

## ਅਪਾਹਜ ਔਰਤਾਂ

ਅਪਾਹਜ ਵਿਅਕਤੀਆਂ ਲਈ ਕਾਰਜਕਰਮ ਸੇਵਾ .................. 9449 5355

ਬੌਧਕ ਅਪਾਹਜਪੁਣਾ ਅਧਿਕਾਰ ਸੇਵਾ........................... 9318 0144
ਸਿਡਨੀ ਤੋਂ ਬਾਹਰ...................................... 1800 666 611

ਅਪਾਹਜਪੁਣਾ ਨਾਲ ਵਿਤਕਰਾ ਕਾਨੂੰਨੀ ਸੈਂਟਰ ..................... 9310 7722
ਸਿਡਨੀ ਤੋਂ ਬਾਹਰ...................................... 1800 800 708

ਅਪਾਹਜ ਵਿਅਕਤੀ........................................ 9370 3100
ਸਿਡਨੀ ਤੋਂ ਬਾਹਰ...................................... 1800 422 015

## ਅੰਗਰੇਜ਼ੀ ਨਾਂ ਬੋਲਣ ਵਾਲੇ ਪਿਛੋਕੜ ਦੀਆਂ ਔਰਤਾਂ

ਅਪ੍ਵਾਸੀ ਔਰਤਾਂ ਦਾ ਸਪੀਕਆਊਟ........................... 9635 8022

ਅਪ੍ਵਾਸੀ ਸਲਾਹ ਅਤੇ ਅਧਿਕਾਰਾਂ ਬਾਰੇ ਕੇਂਦਰ .................. 9281 8355

ਟੈਲੀਫੋਨ ਦੁਭਾਸ਼ੀਆ ਸੇਵਾ (ਟੀ ਆਈ ਐਸ) – 24 ਘੰਟੇ ............... 131 450

ਮਾਈਗਰੈਂਟ ਰਿਸੋਰਸ ਸੈਂਟਰ – ਡਾਇਰੈਕਟਰੀ ਸੇਵਾ ਸੰਪਰਕ
.................................................... 12455/1223

## ਬਜ਼ੁਰਗ ਔਰਤਾਂ

ਬਿਰਧ-ਦੇਖਭਾਲ ਅਧਿਕਾਰਾਂ ਬਾਰੇ ਸੇਵਾ ........................ 9281 3600
ਸਿਡਨੀ ਤੋਂ ਬਾਹਰ...................................... 1800 424 079

ਬਜ਼ੁਰਗ ਔਰਤਾਂ ਦਾ ਨੈਟਵਰਕ............................... 9247 7046

ਬੁਢੇਪੜਾ, ਅਪਾਹਜਪੁਣਾ ਅਤੇ ਘਰੇਲੂ
ਦੇਖਭਾਲ ਦਾ ਵਿਭਾਗ.................................... 8270 2000

## ਜਵਾਨ ਔਰਤਾਂ

ਸੇਵਾ ਲਾਈਨ – 24 ਘੰਟੇ ..................................... 13 11 14

ਕਿੱਡਸ (ਬੱਚੇ) ਸੇਵਾ ਲਾਈਨ – 24 ਘੰਟੇ .................... 1800 55 1800
.......................................... www.kidshelp.com.au

ਕਾਨੂੰਨੀ ਵਸਤੂ (Lawstuff)

ਕਾਨੂੰਨ ਬਾਰੇ ਆਪਣੇ ਸਵਾਲ ਈ ਮੇਲ ਕਰ............. www.lawstuff.org.au

ਰਾਸ਼ਟਰੀ ਬਾਲ ਅਤੇ ਨੌਜਵਾਨ ਸੈਂਟਰ ......................... 9385 9588
18 ਸਾਲਾਂ ਤੋਂ ਘੱਟ ਲਈ ਕਾਨੂੰਨੀ ਸਹਾਇਤਾ ਹੌਟ ਲਾਈਨ....... 1800 101 810

ਡਿੰਪਨਾ ਹਾਉਸ
(ਸੈਕਸੁਅਲ ਹਿੰਸਾ ਦੇ ਸ਼ਿਕਾਰ ਹੋਈਆਂ ਔਰਤਾਂ
ਅਤੇ ਬੱਚਿਆਂ ਲਈ ਰੀਸੋਰਸ ਸੈਂਟਰ)......................... 9797 6733
ਸਿਡਨੀ ਤੋਂ ਬਾਹਰ...................................... 1800 654 119

## ਸਮਲੈਂਗਿਕ ਲੈਸਬੀਅਨ ਔਰਤਾਂ

ਲੈਸਬੀਅਨ ਅਤੇ ਗੇ ਕਾਨੂੰਨੀ ਅਧਿਕਾਰ ਸੇਵਾ.................... 9332 1966

ਲੈਸਬੀਅਨ ਅਤੇ ਗੇ ਹਿੰਸਾ-ਵਿਰੋਧੀ ਪਰਾਜੈਕਟ.................... 9206 2066
ਸਿਡਨੀ ਤੋਂ ਬਾਹਰ...................................... 1800 063 060

ਲੈਸਬੀਅਨ ਅਤੇ ਗੇ ਮਸ਼ਵਰਾ ਸੇਵਾ........................... 8594 9596

ਪੁਲੀਸ – ਲੈਸਬੀਅਨ ਅਤੇ ਗੇ ਤਾਲਮੇਲ ਅਫਸਰ ............... 9281 0000

## ਪਰਵਾਰਿਕ ਕਾਨੂੰਨ

ਕਾਨੂਨੀ ਪਹੁੰਚ ਲਾਈਨ .................................. 1300 888 529
.................................... www.lawaccess.nsw.gov.au

## ਔਰਤਾਂ ਅਤੇ ਬੱਚਿਆਂ ਲਈ ਆਸਰਾ

ਔਰਤਾਂ ਲਈ ਕਾਨੂੰਨੀ ਸੇਵਾਵਾਂ ਐਨ.ਐਸ.ਡਬਲਿਊ................. 9749 5533
ਸਿਡਨੀ ਤੋਂ ਬਾਹਰ...................................... 1800 801 501

ਡੌਕਸ ਹੈਲਪ ਲਾਈਨ – 24 ਘੰਟੇ ................................ 132 111

## ਜੁਰਮ ਦੇ ਸ਼ਿਕਾਰ

ਜੁਰਮ ਦੇ ਸ਼ਿਕਾਰਾਂ ਲਈ ਆਸਰਾ ਲਾਈਨ – 24 ਘੰਟੇ........... 1800 633 063

## ਪੁਲੀਸ

ਐਮਰਜੈਂਸੀ ਮੌਕੇ ਫੋਨ ਕਰ ......................................... 000

## ਕਾਨੂੰਨੀ ਜਾਣਕਾਰੀ

ਤੁਹਾਡੇ ਲੋਕਲ ਕਾਨੂੰਨੀ ਸੈਂਟਰ ਜਾਂ ਕਾਨੂੰਨੀ ਸਹਾਇਤਾ ਆਫਿਸ ਨੂੰ ਔਰਤਾਂ ਲਈ ਕਾਨੂੰਨੀ ਸੇਵਾ ਐਨ.ਐਸ.ਡਬਲਿਊ. ਵੱਲੋਂ ਜਾਣਕਾਰੀ ਅਤੇ ਪਰਸੰਗ ਪ੍ਦਾਨ ਕੀਤੇ ਜਾ ਸਕਦੇ ਹਨ ।

ਔਰਤਾਂ ਲਈ ਕਾਨੂੰਨੀ ਸੇਵਾ ਐਨ.ਐਸ.ਡਬਲਿਊ. ................ 9749 5533
ਸਿਡਨੀ ਤੋਂ ਬਾਹਰ...................................... 1800 801 501

## ਵਿਤਕਰਾ ਅਤੇ ਬਦਸਲੂਕੀ

ਐਂਟੀ-ਡਿਸਕਰਿਮਿਨੇਸ਼ਨ ਬੋਰਡ............................. 1800 670 812

## ਬਾਕੀ ਹੋਰ

ਗਾਰਡੀਅਨਸ਼ਿਪ ਟਰਾਈਬੁਨਲ 16 ਸਾਲ ਅਤੇ ਇਸ ਤੋਂ ਉੱਤੇ ਵਿਅਕਤੀਆਂ ਲਈ ਕਾਨੂੰਨੀ ਤੌਰ ਤੇ ਗਾਰਡੀਅਨ ਅਤੇ ਆਰਥਕ ਮੈਨੇਜਰ ਨੀਯਤ ਕਰ ਸਕਦਾ ਹੈ ..................... 1800 463 928

**ਹਿੰਸਾ ਵਕਤ ਨਾਲ ਅਕਸਰ ਵਧਦੀ ਹੈ ।**

**ਕਾਰਵਾਈ ਕਰਨੀ ਅਤੇ ਸਹਾਇਤਾ ਦੀ ਜਲਦ ਭਾਲ ਕਰਨੀ ਚੰਗੀ ਗੱਲ ਹੈ ।**

**ਹੁਣੇ ਕਾਰਵਾਈ ਕਰੋ !**


New South Wales Government

ਔਰਤਾਂ ਖਿਲਾਫ਼ ਹਿੰਸਾ ਦੀ ਮਾਹਰ ਯੂਨੀਟ ਐਨ.ਐਸ.ਡਬਲਿਊ. ਵੱਲੋਂ ਔਰਤਾਂ ਖਿਲਾਫ਼ ਹਿੰਸਾ ਨੂੰ ਘੱਟ ਕਰਨ ਲਈ ਬਣਾਈ ਕਾਰਜਨੀਤੀ ਨੂੰ ਲਾਗੂ ਕਰਦੀ ਹੈ, ਜੋ ਕਿ ਰਾਜ ਸਰਕਾਰ ਵੱਲੋਂ ਔਰਤਾਂ ਖਿਲਾਫ਼ ਹਿੰਸਾ ਨੂੰ ਸੋਧਣ ਲਈ ਅਹਿਮ ਪੈਹਲ ਹੈ । ਫ਼ੋਨ 02 9716 2061 vaw-unit@community.nsw.gov.au

**www.lawlink.nsw.gov.au/vaw**

ਕਮਿਊਨਟੀ ਡਿਵਿਜ਼ਨ – ਐਨ.ਐਸ.ਡਬਲਿਊ. ਡਿਪਾਰਟਮੈਂਟ ਕਮਿਊਨਟੀ ਸਰਵਿਸਸ

ਕਮਿਊਨਟੀ ਡਿਵਿਜ਼ਨ ਵੱਲੋਂ ਪ੍ਕਾਸ਼ਤ, ਐਨ.ਐਸ.ਡਬਲਿਊ. ਡਿਪਾਰਟਮੈਂਟ ਕਮਿਊਨਟੀ ਸਰਵਿਸਸ, ਨਵੰਬਰ 2006

VAW
NSW STRATEGY TO REDUCE VIOLENCE AGAINST WOMEN